# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## ਦਫਤਰ:ਉਪ ਮੁੱਖ ਇੰਜੀਨੀਅਰ/ਇੰਨਕੁਆਰੀ ਏ-2, ਸ਼ਕਤੀ ਵਿਹਾਰ,ਪਟਿਆਲਾ।

ਦਫਤਰੀ ਹੁਕਮ ਨੰਬਰ/- **30** ਡੀ.ਐਸ.ਆਈ/ਡੀ-155/160 ਮਿਤੀ:- **20.05.2013**

ਜਿਵੇਂ ਕਿ ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਹੁਣ ਰਿਟਾਇਰਡ (ਕੋਡ ਨੰਬਰ 108558) ਜਦੋਂ ਉਹ ਸੁਪਰਡੈਂਟ ਗਜਟਿਡ-1, ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰ ਵਿਖੇ ਤੈਨਾਤ ਸੀ ਤਾਂ ਉਸ ਵੱਲੋਂ ਆਪਣੀ ਡਿਊਟੀ ਨਿਭਾਉਣ ਸਮੇਂ ਕੀਤੀਆਂ ਅਣਗਹਿਲੀਆਂ/ ਕੁਤਾਹੀਆਂ ਕਾਰਨ ਉਸ ਨੂੰ ਦੋਸ ਸੂਚੀ ਨੰਬਰ 11 ਮਿਤੀ 02.07.2012 ਉਸ ਵਿੱਚ ਦਰਸਾਏ ਗਏ ਦੋਸ਼ਾਂ ਲਈ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਗਈ।

ਜਿਵੇਂ ਕਿ ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਹੁਣ ਰਿਟਾਇਰਡ (ਕੋਡ ਨੰਬਰ 108558) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ ਅਤੇ ਉਸ ਵੱਲੋ ਦਿੱਤੇ ਜਵਾਬ ਉਪਰ ਸਬੰਧਿਤ ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ.,ਪਟਿਆਲਾ ਜੀ ਨੂੰ ਫੈਸਲੇ ਲਈ ਪੇਸ਼ ਕੀਤਾ ਗਿਆ ਅਤੇ ਸਮਰੱਥ ਅਧਿਕਾਰੀ ਜੀ ਵੱਲੋਂ ਇਸ ਕੇਸ ਦੀ ਵਿਭਾਗੀ ਪੜਤਾਲ ਕਰਵਾਉਣ ਦੇ ਆਦੇਸ਼ ਦਿੱਤੇ ਗਏ।

ਜਿਵੇਂ ਕਿ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਉਪ ਸਕੱਤਰ/ਇੰਨਕੁਆਰੀ ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰੀ ਹੁਕਮ ਨੰਬਰ 27/ਡੀ.ਐਸ.ਆਈ.-155/160 ਮਿਤੀ 20.12.2012 ਰਾਹੀਂ ਦੋਸ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਵਿਭਾਗੀ ਪੜਤਾਲ ਕਰਨ ਲਈ ਇੰਜੀ: ਬੀ.ਐਸ. ਅਰੋੜਾ ਨਿਗਰਾਨ ਇੰਜੀਨੀਅਰ ਪਲੈਨਿੰਗ ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਪੜਤਾਲ ਅਫਸਰ ਅਤੇ ਇੰਜੀ: ਰਾਜੇਸ ਗੁਪਤਾ ਏ.ਈ.ਈ. ਨੂੰ ਪੇਸਕਸ ਅਫਸਰ ਨਿਯੁਕਤ ਕੀਤਾ ਗਿਆ।

ਜਿਵੇਂ ਕਿ ਨਿਗਰਾਨ ਇੰਜੀਨੀਅਰ ਪਲੈਨਿੰਗ ਕਮ ਪੜਤਾਲ ਅਫਸਰ, ਪੀ.ਐਸ.ਪੀ.ਸੀ.ਐਲ, ਪਟਿਆਲਾ ਦੇ ਦਫਤਰ ਵੱਲੋਂ ਮੀਮੋ ਨੰਬਰ ਗਸ-11/ਨਿਗ:ਇੰਜੀ: ਪਲੈਨਿੰਗ-3 ਮਿਤੀ 06.03.2013 ਅਨੁਸਾਰ ਕੇਸ ਦੀ ਪੜਤਾਲ ਕਰਕੇ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਅਤੇ ਇਹ ਪੜਤਾਲ ਰਿਪੋਰਟ ਇਸ ਦਫਤਰ ਦੇ ਮੀਮੋ ਨੰਬਰ 274 ਮਿਤੀ 07.03.2013 ਅਨੁਸਾਰ ਰੀਬਟਲ ਲਈ ਅਧਿਕਾਰੀ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਗਈ ਅਤੇ ਅਧਿਕਾਰੀ ਦਾ ਰੀਬਟਲ ਇਸ ਦਫਤਰ ਵਿਖੇ ਮਿਤੀ 19.03.2013 ਨੂੰ ਪ੍ਰਾਪਤ ਹੋਇਆ ਹੈ।

ਜਿਵੇ ਕਿ ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਹੁਣ ਰਿਟਾਇਰਡ (ਕੋਡ ਨੰਬਰ 108558) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ,ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ,ਇੰਨਕੁਆਰੀ ਅਫਸਰ ਦੀ ਪੜਤਾਲ ਰਿਪੋਰਟ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਸੀ.ਐਮ.ਡੀ.,ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਵੱਲੋਂ ਅਧਿਕਾਰੀ ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਹੁਣ ਰਿਟਾਇਰਡ (ਕੋਡ ਨੰਬਰ 108558) ਨੂੰ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਲਈ ਜ਼ਿੰਮੇਵਾਰ ਨਾ ਠਹਿਰਾਉਦੇ ਹੋਏ ਉਸ ਵਿਰੁੱਧ ਕੋਈ ਵੀ ਕਾਰਵਾਈ ਨਾ ਕਰਨ ਦੇ ਹੁਕਮ ਕੀਤੇ ਗਏ ਹਨ।

ਇਸ ਲਈ ਇਸ ਦਫਤਰੀ ਹੁਕਮ ਰਾਹੀ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਹੁਣ ਰਿਟਾਇਰਡ (ਕੋਡ ਨੰਬਰ 108558) ਨੂੰ ਜਾਰੀ ਦੋਸ਼ ਸੂਚੀ ਨੰਬਰ 11 ਮਿਤੀ 02.07.2012 ਠੱਪ ਕੀਤੀ ਜਾਂਦੀ ਹੈ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀਨੀਅਰ/ਇੰਨਕੁਆਰੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰਬਰ/- **488/496** ਡੀ.ਐਸ.ਆਈ/ਡੀ-155/160 **20.05.2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸੀਨੀਅਰ ਪੀ.ਐਸ.ਟੂ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਸੀਨੀਅਰ ਪੀ.ਐਸ. ਟੂ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਪੀ.ਐਸ. ਟੂ ਪ੍ਰਮੁੱਖ ਇੰਜੀਨੀਅਰ, ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਉਪ ਮੁੱਖ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜ਼ਾਦਾ ਹੈ ਕਿ ਇਸ ਦਫਤਰੀ ਹੁਕਮ ਨੂੰ ਪੀ.ਐਸ.ਪੀ.ਸੀ.ਐਲ., ਦੀ ਵੈਬ ਸਾਈਟ ਤੇ ਅੱਪ ਲੋਡ ਕੀਤਾ ਜਾਵੇ।
5) ਲੇਖਾ ਅਫਸਰ/ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਪੰਨਾ ਨੰਬਰ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
6) ਸੰਯੁਕਤ ਸਕੱਤਰ ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
7) ਉਪ ਸਕੱਤਰ/ਸੇਵਾਵਾਂ-2, ਪੀ.ਐਸ.ਪੀ.ਸੀ.ਐਲ, ਪਟਿਆਲਾ।
8) ਏ.ਐਮ.ਐਚ.ਆਰ./ਗਜ਼ਟੀ ਭਾਗ-2, ਪੀ.ਐਸ.ਪੀ.ਸੀ.ਐਲ., ਪਟਿਆਲਾ।
9) ਸ੍ਰੀ ਸਰੂਪ ਇੰਦਰ ਸਿੰਘ ਸੁਪਰਡੈਂਟ ਗ੍ਰੇਡ-1 ਰਿਟਾਇਰਡ ਮਕਾਨ ਨੰਬਰ 502/02 ਗੁਰੂ ਨਾਨਕ ਸਟਰੀਟ, ਸੋਢੀਆਂ ਵਾਲਾ ਘੇਰ, ਪਟਿਆਲਾ।

ਉਪ ਮੁੱਖ ਇੰਜੀਨੀਅਰ /ਇੰਨਕੁਆਰੀ,
ਪੀ.ਐਸ.ਪੀ.ਸੀ.ਐਲ. ਪਟਿਆਲਾ।